# ਆਰਥਿਕ ਤਰੱਕੀ ਅਤੇ ਜੌਬਾਂ ਪੈਦਾ ਕਰਨ ਨੂੰ ਮਜ਼ਬੂਤ ਕਰਨਾ


ਬੈਲੇਂਸਡ ਬੱਜਟ 2014 ਦੀਆਂ ਖਾਸੀਅਤਾਂ

## *ਬੀ.ਸੀ. ਲਈ ਉੱਪਰੋਥਲੀ ਬੈਲੇਂਸਡ ਬੱਜਟ*

ਇਹ ਭਵਿੱਖਬਾਣੀ ਕੀਤੀ ਗਈ ਹੈ ਕਿ ਬੀ ਸੀ ਦਾ ਵਿੱਤੀ ਸਾਲ 2013-14, 175 ਮਿਲੀਅਨ ਡਾਲਰ ਦੇ ਸਰਪਲੱਸ ਨਾਲ ਖਤਮ ਹੋਵੇਗਾ ਅਤੇ ਬੱਜਟ 2014 ਵਿੱਤੀ ਯੋਜਨਾ ਦੇ ਸਾਰੇ ਤਿੰਨ ਸਾਲਾਂ ਵਿਚ ਕੁੱਲ 841 ਮਿਲੀਅਨ ਡਾਲਰ ਦੇ ਸਰਪਲੱਸਾਂ ਦੀ ਭਵਿੱਖਬਾਣੀ ਕਰਦਾ ਹੈ। ਅਸੀਂ ਇਸ ਸਿਧਾਂਤ 'ਤੇ ਖਰੇ ਉਤਰੇ ਹਾਂ ਕਿ ਸਰਕਾਰ ਨੂੰ ਉਸ ਨਾਲੋਂ ਜ਼ਿਆਦਾ ਪੈਸੇ ਨਹੀਂ ਖਰਚਣੇ ਚਾਹੀਦੇ ਜਿੰਨੇ ਟੈਕਸ ਦੇਣ ਵਾਲੇ ਦਿੰਦੇ ਹਨ। ਜਾਰੀ ਰਹਿਣ ਵਾਲੇ ਵਿੱਤੀ ਜ਼ਬਤ ਦੇ ਬਾਵਜੂਦ, ਤੁੱਛ ਸਰਪਲੱਸ ਅਜਿਹੀਆਂ ਚੋਣਾਂ ਅਤੇ ਨਵੇਂ ਖਰਚਿਆਂ ਦੀ ਆਗਿਆ ਦਿੰਦੇ ਹਨ ਜਿਹੜੇ:


- ਜੌਬਾਂ ਅਤੇ ਇਨਵੈਸਟਮੈਂਟਾਂ ਵਿਚ ਵਾਧੇ ਨੂੰ ਉਤਸ਼ਾਹ ਦਿੰਦੇ ਹਨ;
- ਪਰਿਵਾਰਾਂ ਦੀ ਪਲੈਨ ਕਰਨ ਅਤੇ ਭਵਿੱਖ ਲਈ ਉਸਾਰੀ ਕਰਨ ਵਿਚ ਮਦਦ ਕਰਦੇ ਹਨ; ਅਤੇ
- ਸਭ ਤੋਂ ਜ਼ਿਆਦਾ ਲੋੜ ਵਾਲੇ ਵਿਅਕਤੀਆਂ ਅਤੇ ਪਰਿਵਾਰਾਂ ਲਈ ਮਦਦ ਨੂੰ ਮਜ਼ਬੂਤ ਕਰਦੇ ਹਨ।

### ਕੈਨੇਡਾ ਭਰ ਵਿਚ ਘਾਟੇ




ਬੈਲੇਂਸਡ ਬੱਜਟ    ਘਾਟੇ ਵਾਲਾ ਬੱਜਟ

### ਬੈਲੇਂਸਡ ਬੱਜਟ ਕਾਇਮ ਰੱਖਣਾ




— **ਆਮਦਨ:** *ਔਸਤ ਸਲਾਨਾ ਵਾਧਾ 2.6 ਪ੍ਰਤੀਸ਼ਤ*    **ਖਰਚੇ:** *ਔਸਤ ਸਲਾਨਾ ਵਾਧਾ 2.2 ਪ੍ਰਤੀਸ਼ਤ*

*ਬੀ.ਸੀ. ਨੇ ਇਹ ਦਿਖਾਇਆ ਹੈ ਕਿ ਸਖਤ ਮਿਹਨਤ, ਉੱਦਮ ਅਤੇ ਵਿੱਤੀ ਜ਼ਬਤ ਨਾਲ ਅਜਿਹਾ ਕੁਝ ਪ੍ਰਾਪਤ ਕਰਨਾ ਸੰਭਵ ਹੈ ਜਿਹੜਾ ਕੈਨੇਡਾ ਦੇ ਥੋੜ੍ਹੇ ਜਿਹੇ ਹੋਰ ਇਲਾਕੇ ਹੀ ਅੱਜ ਕਲੇਮ ਕਰ ਸਕਦੇ ਹਨ: ਬੈਲੇਂਸਡ ਬੱਜਟ। ਇਸ ਸਾਲ ਅਤੇ ਸਾਡੀ ਵਿੱਤੀ ਯੋਜਨਾ ਦੇ ਆਉਂਦੇ ਤਿੰਨ ਸਾਲਾਂ ਵਿਚ ਬੈਲੇਂਸਡ ਬੱਜਟ ਹੋਣ ਕਰਕੇ ਬ੍ਰਿਟਿਸ਼ ਕੋਲੰਬੀਆ ਰੀਸ ਕਰਨ ਯੋਗ ਸਥਿਤੀ ਵਿਚ ਹੈ।*



*ਔਨਰੇਬਲ*
*ਮਾਈਕਲ ਡੀ. ਜੌਂਗ, ਕਿਉ.ਸੀ.*
*ਵਿੱਤ ਮੰਤਰੀ*

BRITISH COLUMBIA




### ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਬੱਚਤਾਂ

ਬਹੁਤ ਬ੍ਰਿਟਿਸ਼ ਕੋਲੰਬੀਅਨ ਆਪਣਾ ਪਹਿਲਾ ਘਰ ਖਰੀਦਣ ਵੇਲੇ ਘੱਟ ਪ੍ਰਾਪਰਟੀ ਟ੍ਰਾਂਸਫਰ ਟੈਕਸ ਦੇਣਗੇ। ਬੀ.ਸੀ. ਦੀ ਸਰਕਾਰ ਪਹਿਲੀ ਵਾਰੀ ਘਰ ਖਰੀਦਣ ਵਾਲਿਆਂ ਲਈ ਪ੍ਰੋਗਰਾਮ ਦੀ ਸੀਮਾ 425,000 ਡਾਲਰ ਤੋਂ ਵਧਾ ਕੇ 475,000 ਡਾਲਰ ਕਰ ਰਹੀ ਹੈ, ਇਕ ਅਜਿਹੀ ਛੋਟ ਜੋ ਖਰੀਦਦਾਰ ਨੂੰ ਆਪਣਾ ਪਹਿਲਾ ਘਰ ਖਰੀਦਣ ਵੇਲੇ 7,500 ਡਾਲਰ ਤੱਕ ਬਚਾ ਸਕਦੀ ਹੈ।

# ਵਿੱਤੀ ਜ਼ਬਤ ਨੇ ਬੀ.ਸੀ. ਨੂੰ ਫਾਇਦਾ ਪਹੁੰਚਾਇਆ ਹੈ

## ਕਮਿਊਨਟੀਆਂ ਲਈ ਨਵੇਂ ਪੂੰਜੀ-ਨਿਵੇਸ਼


ਬੈਲੇਂਸਡ ਬੱਜਟ ਵਿਚ ਰਹਿੰਦੇ ਹੋਏ, ਸਰਕਾਰ, ਪਰਿਵਾਰਾਂ, ਵਿਅਕਤੀਆਂ ਅਤੇ ਕਮਿਊਨਟੀ ਸੇਫਟੀ ਲਈ ਅਗਲੇ ਤਿੰਨ ਸਾਲਾਂ ਦੌਰਾਨ 350 ਮਿਲੀਅਨ ਡਾਲਰ ਦੇ ਨਵੇਂ ਵਾਧੂ ਫੰਡ ਮੁਹਈਆ ਕਰਵਾ ਰਹੀ ਹੈ, ਜਿਸ ਵਿਚ ਸ਼ਾਮਲ ਹਨ:

- ਵਿਕਾਸ ਨਾਲ ਸੰਬੰਧਿਤ ਅਪਾਹਜਤਾਵਾਂ ਵਾਲੇ ਵਿਅਕਤੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਮੌਜੂਦਾ ਸੇਵਾਵਾਂ ਨੂੰ ਕਾਇਮ ਰੱਖਣ ਲਈ 243 ਮਿਲੀਅਨ ਡਾਲਰ;
- ਖਾਸ ਲੋੜਾਂ ਵਾਲੇ ਬੱਚਿਆਂ ਅਤੇ ਜਵਾਨਾਂ ਲਈ 15 ਮਿਲੀਅਨ ਡਾਲਰ;
- ਆਰ ਸੀ ਐੱਮ ਪੀ ਦੇ ਵਧੇ ਖਰਚਿਆਂ ਲਈ 15 ਮਿਲੀਅਨ ਡਾਲਰ; ਅਤੇ
- ਲੀਗਲ ਏਡ ਨਾਲ ਸੰਬੰਧਿਤ ਸੇਵਾਵਾਂ ਲਈ 6 ਮਿਲੀਅਨ ਡਾਲਰ।

## ਹੈਲਥ-ਕੇਅਰ

ਬੱਜਟ 2014 ਸਰਕਾਰ ਦੀ ਹੈਲਥ ਕੇਅਰ (ਸਿਹਤ ਸੰਭਾਲ) ਦੀ ਹਿਫਾਜ਼ਤ ਕਰਨ ਦੀ ਚਾਲੂ ਰਹਿਣ ਵਾਲੀ ਵਚਨਬੱਧਤਾ ਨੂੰ ਪੱਕਾ ਕਰਦਾ ਹੈ, ਅਤੇ ਅਜਿਹਾ ਵਿੱਤੀ ਯੋਜਨਾ ਦੌਰਾਨ ਸਿਹਤ ਮਹਿਕਮੇ ਦੇ ਬੱਜਟ ਵਿਚ 2.5 ਬਿਲੀਅਨ ਡਾਲਰ ਦੇ ਵਾਧੇ ਨਾਲ ਕਰਦਾ ਹੈ ਜੋ ਕਿ ਵਾਧੇ ਦੀ ਸਲਾਨਾ ਔਸਤ ਦਰ 2.6 ਪ੍ਰਤੀਸ਼ਤ ਬਣਦੀ ਹੈ। ਸਾਲ 2016-17 ਤੱਕ, ਹੈਲਥ-ਕੇਅਰ 'ਤੇ ਕੁੱਲ ਖਰਚਾ 19.6 ਬਿਲੀਅਨ ਡਾਲਰ ਹੋ ਜਾਵੇਗਾ – ਸਰਕਾਰ ਦੇ ਸਾਰੇ ਖਰਚਿਆਂ ਦੇ 42 ਪ੍ਰਤੀਸ਼ਤ ਨਾਲੋਂ ਜ਼ਿਆਦਾ।

ਬੀ.ਸੀ. ਸਿਹਤ ਦੇ ਮੁੱਖ ਨਤੀਜੇ ਪ੍ਰਾਪਤ ਕਰਨਾ ਜਾਰੀ ਰੱਖ ਰਿਹਾ ਹੈ ਜਿਹੜੇ ਸੂਬਿਆਂ ਵਿਚਕਾਰ ਪ੍ਰਤੀ ਵਿਅਕਤੀ ਸਿਹਤ 'ਤੇ ਸਭ ਤੋਂ ਘੱਟ ਖਰਚਿਆਂ ਵਿਚ ਦੂਜੇ ਨੰਬਰ 'ਤੇ ਹੋ ਕੇ ਦੇਸ਼ ਦੀ ਅਗਵਾਈ ਕਰਦੇ ਹਨ। ਤਾਜ਼ਾ ਅੰਕੜਿਆਂ ਮੁਤਾਬਕ, ਉਮਰ, ਕੈਂਸਰ ਨਾਲ ਮੌਤਾਂ ਅਤੇ ਦਿਲ ਦੀ ਬੀਮਾਰੀ ਨਾਲ ਸੰਬੰਧਿਤ ਮੌਤਾਂ ਦੇ ਸੰਬੰਧ ਵਿਚ ਬੀ.ਸੀ. ਸਭ ਤੋਂ ਵਧੀਆ ਹੈ।



## ਬੀ.ਸੀ. ਦੀ ਅਗੇਤੇ ਸਾਲਾਂ ਦੀ ਜੁਗਤ – ਤਰੱਕੀ ਕਰਨਾ

### ਸੂਬਾਈ ਦਫਤਰ ਹੁਣ ਖੁਲ੍ਹ ਗਿਆ ਹੈ

ਬੀ.ਸੀ. ਦੀ ਅਗੇਤੇ ਸਾਲਾਂ ਦੀ ਜੁਗਤ (ਬੀ.ਸੀ. ਅਰਲੀ ਯੀਅਰਜ਼ ਸਟਰੈਟਜੀ) ਛੋਟੇ ਬੱਚਿਆਂ ਵਾਲੇ ਪਰਿਵਾਰਾਂ ਦੀ ਅਗੇਤੇ ਸਾਲਾਂ ਦੇ ਪ੍ਰੋਗਰਾਮ ਅਤੇ ਸੇਵਾਵਾਂ ਤੱਕ ਪਹੁੰਚ ਸੁਧਾਰਨ, ਵਾਰਾ ਖਾਣ ਯੋਗ ਬਣਾਉਣ ਅਤੇ ਕੁਆਲਟੀ ਸੁਧਾਰਨ ਲਈ ਸਰਕਾਰ ਦੀ ਅੱਠ ਸਾਲਾਂ ਲਈ ਵਚਨਬੱਧਤਾ ਹੈ। ਬੱਜਟ 2013 ਵਿਚ ਪਹਿਲੇ ਤਿੰਨ ਸਾਲਾਂ ਦੀ ਜੁਗਤ ਦੀ ਮਦਦ ਲਈ 76 ਮਿਲੀਅਨ ਡਾਲਰ ਦਿੱਤੇ ਸਨ। ਸਾਲ 2013-14 ਲਈ ਤਰਜੀਹਾਂ ਵਿਚ ਸ਼ਾਮਲ ਹਨ:


- » ਅਗੇਤੇ ਸਾਲਾਂ ਲਈ ਸੈਂਟਰਾਂ ਦੇ ਪੰਜ ਤੱਕ ਸਥਾਨਾਂ ਦੀ ਪਛਾਣ ਕਰਨਾ;
- » ਹੱਕਦਾਰ ਮਾਪਿਆਂ ਨੂੰ ਬੀ.ਸੀ. ਅਰਲੀ ਚਾਇਲਡਹੁੱਡ ਟੈਕਸ ਬੈਨੇਫਿਟ ਬਾਰੇ ਜਾਣਕਾਰੀ ਦੇਣਾ;
- » ਅਰਲੀ ਚਾਇਲਡਹੁੱਡ ਐਜੂਕੇਟਰ ਟਰੇਨਿੰਗ ਪ੍ਰੋਗਰਾਮਾਂ ਵਿਚ ਵਿਦਿਆਰਥੀ ਲਈ ਵਜ਼ੀਫੇ ਦੇ ਪ੍ਰੋਗਰਾਮ ਸ਼ੁਰੂ ਕਰਨਾ; ਅਤੇ
- » ਲਾਇਸੰਸਸ਼ੁਦਾ ਗਰੁੱਪ ਵਿਚ ਅਤੇ ਫੈਮਿਲੀ ਚਾਇਲਡ ਕੇਅਰ ਪ੍ਰਦਾਨ ਕਰਨ ਵਾਲਿਆਂ ਲਈ ਪੇਸ਼ਾਵਰ ਵਿਕਾਸ ਦੇ ਮੌਕੇ ਵਧਾਉਣਾ।

ਸਾਲ 2014-15 ਵਿਚ, 17.7 ਮਿਲੀਅਨ ਡਾਲਰ ਦੇ ਫੰਡ, ਬੱਚਿਆਂ ਦੀ ਸੰਭਾਲ ਦੀਆਂ ਨਵੀਂਆਂ 1,000 ਤੱਕ ਥਾਂਵਾਂ ਪੈਦਾ ਕਰਨ ਵਿਚ ਮਦਦ ਕਰਨਗੇ, ਅਤੇ ਜ਼ੋਰ ਸਕੂਲਾਂ ਵਿਚ ਅਤੇ ਚਾਇਲਡ ਕੇਅਰ ਦੀ ਘੱਟ ਸਰਵਿਸ ਵਾਲੇ ਇਲਾਕਿਆਂ 'ਤੇ ਦਿੱਤਾ ਜਾਵੇਗਾ। ਇਹ ਫੰਡ ਸੂਬਾਈ ਚਾਇਲਡ ਕੇਅਰ ਰਜਿਸਟਰੀ ਬਣਾਉਣ ਅਤੇ ਅਗੇਤੇ ਸਾਲਾਂ ਦੇ ਸੰਕਲਪ ਦੇ ਵਾਧੇ ਵਿਚ ਵੀ ਮਦਦ ਕਰਨਗੇ। ਬੀ.ਸੀ. ਦੀ ਅਗੇਤੇ ਸਾਲਾਂ ਦੀ ਜੁਗਤ ਦੀ ਉਸਾਰੀ, ਅਗੇਤੀ ਸਿੱਖਿਆ ਅਤੇ ਬਚਪਨ ਵਿਚ ਵਿਕਾਸ ਦੇ ਉੱਦਮਾਂ, ਸੇਵਾਵਾਂ ਅਤੇ ਮਦਦਾਂ 'ਤੇ ਹਰ ਸਾਲ ਸਰਕਾਰ ਵਲੋਂ ਖਰਚੇ ਜਾਂਦੇ 1 ਬਿਲੀਅਨ ਡਾਲਰ ਉੱਪਰ ਕੀਤੀ ਜਾ ਰਹੀ ਹੈ।

## ਲਰਨਿੰਗ ਇਮਪਰੂਵਮੈਂਟ ਫੰਡ ਵਧ ਗਿਆ ਹੈ

ਲਰਨਿੰਗ ਇਮਪਰੂਵਮੈਂਟ ਫੰਡ (ਐੱਲ ਆਈ ਐੱਫ) ਕਮਜ਼ੋਰ ਵਿਦਿਆਰਥੀਆਂ ਲਈ ਵਸੀਲੇ ਪ੍ਰਦਾਨ ਕਰਦਾ ਹੈ, ਅਤੇ ਇਹ ਅਧਿਆਪਕਾਂ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਦਿੱਤਾ ਜਾਂਦਾ ਹੈ ਤਾਂ ਜੋ ਫੰਡ ਉੱਥੇ ਵਰਤੇ ਜਾ ਸਕਣ ਜਿੱਥੇ ਇਹ ਸਭ ਤੋਂ ਜ਼ਿਆਦਾ ਅਸਰਦਾਰ ਹੋਣਗੇ। ਸਾਲ 2014-15 ਵਿਚ, ਐੱਲ ਆਈ ਐੱਫ ਸਾਲ 2013-14 ਦੇ 60 ਮਿਲੀਅਨ ਡਾਲਰ ਤੋਂ ਵਧ ਕੇ 75 ਮਿਲੀਅਨ ਡਾਲਰ ਹੋ ਗਿਆ ਹੈ। 2013-14 ਦੇ ਫੰਡਾਂ ਦੀਆਂ ਉਦਾਹਰਣਾਂ ਵਿਚ ਸ਼ਾਮਲ ਹਨ:

- » 40 ਮਿਲੀਅਨ ਡਾਲਰ ਟੀਚਰਾਂ ਲਈ;
- » 13 ਮਿਲੀਅਨ ਡਾਲਰ ਸਪੈਸ਼ਲ ਐਜੂਕੇਸ਼ਨ ਅਸਿਸਟੈਂਟਾਂ ਲਈ; ਅਤੇ
- » 1.4 ਮਿਲੀਅਨ ਡਾਲਰ ਟੀਚਰਾਂ ਦੇ ਪੇਸ਼ਾਵਰ ਵਿਕਾਸ ਲਈ।



### ਬ੍ਰਿਟਿਸ਼ ਕੋਲੰਬੀਆ ਅਰਲੀ ਚਾਇਲਡਹੁੱਡ ਟੈਕਸ ਬੈਨੇਫਿਟ

2014 ਦੇ ਬੈਲੇਂਸਡ ਬੱਜਟ ਨਾਲ ਸਰਕਾਰ ਨੇ ਨਵਾਂ ਬੀ.ਸੀ. ਅਰਲੀ ਚਾਇਲਡਹੁੱਡ ਟੈਕਸ ਬੈਨੇਫਿਟ ਲਾਗੂ ਕਰਨ ਲਈ ਕਾਨੂੰਨ ਪੇਸ਼ ਕੀਤਾ ਹੈ। ਅਪਰੈਲ 2015 ਤੋਂ ਸ਼ੁਰੂ ਹੋ ਕੇ, ਇਹ ਬੈਨੇਫਿਟ ਬੀ.ਸੀ. ਦੇ ਛੇ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਾਲੇ ਤਕਰੀਬਨ 180,000 ਪਰਿਵਾਰਾਂ ਨੂੰ ਸਲਾਨਾ 146 ਮਿਲੀਅਨ ਡਾਲਰ ਪ੍ਰਦਾਨ ਕਰੇਗਾ (ਪ੍ਰਤੀ ਹੱਕਦਾਰ ਬੱਚੇ ਪਿੱਛੇ ਮਹੀਨੇ ਦੇ 55 ਡਾਲਰ ਤੱਕ)। ਛੋਟੇ ਬੱਚਿਆਂ ਵਾਲੇ ਬੀ.ਸੀ. ਦੇ ਤਕਰੀਬਨ 90 ਪ੍ਰਤੀਸ਼ਤ ਪਰਿਵਾਰ ਇਸ ਦੇ ਹੱਕਦਾਰ ਹੋਣਗੇ।



### ਬੀ.ਸੀ. ਟਰੇਨਿੰਗ ਐਂਡ ਐਜੂਕੇਸ਼ਨ ਸੇਵਿੰਗਜ਼ ਗਰਾਂਟ ਬਾਰੇ ਤਾਜ਼ਾ ਜਾਣਕਾਰੀ

ਬੀ.ਸੀ. ਟਰੇਨਿੰਗ ਐਂਡ ਐਜੂਕੇਸ਼ਨ ਸੇਵਿੰਗਜ਼ ਗਰਾਂਟ, 1 ਜਨਵਰੀ, 2007 ਨੂੰ ਜਾਂ ਇਸ ਤੋਂ ਬਾਅਦ ਪੈਦਾ ਹੋਏ ਬੱਚਿਆਂ ਲਈ, ਬੱਚੇ ਦੇ ਛੇ ਸਾਲ ਦਾ ਹੋ ਜਾਣ ਤੋਂ ਬਾਅਦ, ਉਸ ਦੀ ਰਜਿਸਟਰਡ ਐਜੂਕੇਸ਼ਨ ਸੇਵਿੰਗਜ਼ ਪਲੈਨ ਵਿਚ ਪਾਉਣ ਲਈ ਇਕ ਵਾਰ 1200 ਡਾਲਰ ਦਿੰਦੀ ਹੈ। ਹਰ ਸਾਲ ਤਕਰੀਬਨ 40,000 ਬੱਚੇ ਇਸ ਦੇ ਹੱਕਦਾਰ ਹਨ।



## ਆਰਥਿਕ ਤਰੱਕੀ

ਪ੍ਰਾਈਵੇਟ ਸੈਕਟਰ ਦੇ ਅਰਥ ਸ਼ਾਸਤਰੀ (ਇਕੋਨੋਮਿਸਟ) ਇਹ ਭਵਿੱਖਬਾਣੀ ਕਰ ਰਹੇ ਹਨ ਕਿ ਬ੍ਰਿਟਿਸ਼ ਕੋਲੰਬੀਆ ਦੀ ਇਕੌਨਮੀ ਅਗਲੇ ਕੁਝ ਕੁ ਸਾਲਾਂ ਵਿਚ ਦੇਸ਼ ਦੀਆਂ ਮਜ਼ਬੂਤ ਇਕੌਨੋਮੀਆਂ ਵਿੱਚੋਂ ਇਕ ਹੋਵੇਗੀ।

*ਔਨਰੇਬਲ, ਮਾਈਕਲ ਡੀ ਜੌਂਗ, ਕਿਊ.ਸੀ. ਵਿੱਤ ਮੰਤਰੀ*

# ਟੈਕਸ ਦੇਣ ਵਾਲਿਆਂ ਦੀ ਮਦਦ ਨਾਲ 11 ਬਿਲੀਅਨ ਦੇ ਉਸਾਰੀ (ਕੈਪੀਟਲ) ਪ੍ਰੋਜੈਕਟ

**ਅਗਲੇ ਤਿੰਨ ਸਾਲਾਂ ਦੌਰਾਨ ਸਰਕਾਰ ਟੈਕਸ ਦੇਣ ਵਾਲਿਆਂ ਦੀ ਮਦਦ ਨਾਲ 11 ਬਿਲੀਅਨ ਦੇ ਉਸਾਰੀ (ਕੈਪੀਟਲ) ਦੇ ਪ੍ਰੋਜੈਕਟ ਵਿਚ ਪੈਸੇ ਲਾ ਰਹੀ ਹੈ, ਜਿਨ੍ਹਾਂ ਵਿਚ ਸ਼ਾਮਲ ਹਨ:**

» 3.4 ਬਿਲੀਅਨ ਡਾਲਰ ਟ੍ਰਾਂਸਪੋਰਟ ਵਿਚ ਪੂੰਜੀ ਨਿਵੇਸ਼ ਲਈ;

» 2.3 ਬਿਲੀਅਨ ਡਾਲਰ, ਬੀ.ਸੀ. ਭਰ ਵਿਚ ਪੋਸਟ-ਸੈਕੰਡਰੀ ਸੰਸਥਾਵਾਂ ਵਲੋਂ ਉਸਾਰੀ (ਕੈਪੀਟਲ) ਦੇ ਪ੍ਰੋਜੈਕਟਾਂ ਦੇ ਖਰਚਿਆਂ ਲਈ;

» 1.5 ਬਿਲੀਅਨ ਡਾਲਰ ਕੇ-12 ਸਹੂਲਤਾਂ ਨੂੰ ਕਾਇਮ ਰੱਖਣ, ਬਦਲਣ, ਰੈਨੋਵੇਟ ਕਰਨ ਜਾਂ ਵਧਾਉਣ ਲਈ; ਅਤੇ

» 2.6 ਬਿਲੀਅਨ ਡਾਲਰ ਸਿਹਤ ਖੇਤਰ ਦੇ ਬੁਨਿਆਦੀ ਢਾਂਚੇ ਲਈ।

**ਟੈਕਸ ਦੇਣ ਵਾਲਿਆਂ ਦੀ ਮਦਦ ਨਾਲ ਉਸਾਰੀ (ਕੈਪੀਟਲ) ਦੇ ਪ੍ਰੋਜੈਕਟਾਂ ਵਿਚ ਇਹ ਸ਼ਾਮਲ ਹਨ:**

» ਵੈਨਕੂਵਰ ਵਿਚ ਲੌਰਡ ਸਟਰੈਥਕੋਨਾ ਐਲੀਮੈਂਟਰੀ ਅਤੇ ਕੈਂਬਲ ਰਿਵਰ ਵਿਚ ਫੀਨਿਕਸ ਮਿਡਲ ਸਕੂਲ ਦੀਆਂ ਭੁਚਾਲ ਤੋਂ ਸੁਰੱਖਿਆ ਲਈ ਸੋਧਾਂ;

» ਵੈੱਸਟ ਕਲੋਨਾ ਵਿਚ ਨਵਾਂ ਮਾਰ ਜੌਕ ਐਲੀਮੈਂਟਰੀ ਸਕੂਲ;

» ਇਕ ਨਵਾਂ ਅਕਿਊਟ ਕੇਅਰ ਸੈਂਟਰ ਸ਼ਾਮਲ ਕਰਨ ਲਈ ਬੱਚਿਆਂ ਅਤੇ ਔਰਤਾਂ ਦੇ ਹਸਪਤਾਲ ਵਿਚ ਵਾਧਾ;

» ਨਵਾਂ ਸਰੀ ਮੈਮੋਰੀਅਲ ਐਮਰਜੰਸੀ ਡਿਪਾਰਟਮੈਂਟ ਅਤੇ ਕਰਿਟੀਕਲ ਕੇਅਰ ਟਾਵਰ;


» ਮੌਜੂਦਾ ਨੌਰਥ ਆਈਲੈਂਡ ਹਸਪਤਾਲਾਂ ਦੀ ਥਾਂ ਦੋ ਨਵੇਂ ਹਸਪਤਾਲ (ਇਕ ਕੋਰਟਨੀ/ਕੋਮੋਕਸ ਵਿਚ ਅਤੇ ਇਕ ਕੈਂਬਲ ਰਿਵਰ ਵਿਚ);

» ਕੈਮਲੂਪਸ ਵਿਚ ਰੌਇਲ ਇਨਲੈਂਡ ਹਸਪਤਾਲ ਲਈ ਕਲਿਨੀਕਲ ਸੇਵਾਵਾਂ ਦੀ ਇਕ ਨਵੀਂ ਬਿਲਡਿੰਗ;

» ਓਕਨਆਗਨ ਵੈਲੀ ਕੋਰੀਡੋਰ ਅਤੇ ਕੈਰੀਬੂ ਕੋਨੈਕਟਰ ਪ੍ਰੋਗਰਾਮ;

» ਜੌਰਜ ਮੈਸੀ ਟਨਲ ਬਦਲੀ ਦਾ ਪ੍ਰੋਜੈਕਟ; ਅਤੇ

» ਯੂਨੀਵਰਸਿਟੀ ਹੌਸਪੀਟਲ ਔਫ ਨੌਰਦਰਨ ਬੀ ਸੀ।




## ਬੀ. ਸੀ. ਦਾ ਉਪਰਲੀ ਆਰਥਿਕ ਕਾਰਗੁਜ਼ਾਰੀ ਵਾਲਿਆਂ ਵਿਚ ਹੋ ਜਾਣਾ

ਬੀ.ਸੀ. ਇਕਨੌਮਿਕ ਫੋਰਕਾਸਟ ਕੌਂਸਲ ਦੇ ਮੈਂਬਰ ਇਹ ਉਮੀਦ ਕਰਦੇ ਹਨ ਕਿ ਸਾਲ 2015 ਵਿਚ ਅਤੇ ਇਸ ਤੋਂ ਅਗਾਂਹ ਸੂਬੇ ਦੀ ਆਰਥਿਕ ਤਰੱਕੀ ਦੇਸ਼ ਦੀ ਦਰ ਨਾਲੋਂ ਔਸਤਨ ਜ਼ਿਆਦਾ ਹੋਵੇਗੀ।


ਇਕਨੌਮਿਕ ਫੋਰਕਾਸਟ ਕੌਂਸਲ ਵਿਚ ਕੈਨੇਡਾ ਦੇ ਆਰਥਿਕ ਭਵਿੱਖਬਾਣੀ ਕਰਨ ਵਾਲੇ ਕੁਝ ਸਭ ਤੋਂ ਜ਼ਿਆਦਾ ਸਤਿਕਾਰਯੋਗ ਆਜ਼ਾਦ ਵਿਅਕਤੀ ਸ਼ਾਮਲ ਹਨ। ਬੱਜਟ ਟ੍ਰਾਂਸਪੇਰੈਂਸੀ ਐਂਡ ਅਕਾਊਂਟੇਬਿਲਟੀ ਐਕਟ ਵਲੋਂ ਨਿਰਧਾਰਤ ਕੀਤਾ ਗਿਆ, 13 ਮੈਂਬਰੀ ਕੌਂਸਲ ਦਾ ਸਰਕਾਰੀ ਫਰਮਾਨ ਹਰ ਸਾਲ ਦੇ ਬੱਜਟ ਅਤੇ ਵਿੱਤੀ ਯੋਜਨਾ ਤਿਆਰ ਕਰਨ ਵਿਚ ਵਿੱਤ ਮੰਤਰੀ ਨੂੰ ਆਰਥਿਕ ਸਲਾਹ ਦੇਣਾ ਹੈ।

### ਬ੍ਰਿਟਿਸ਼ ਕੋਲੰਬੀਆ ਦੀ ਆਰਥਿਕ ਤਰੱਕੀ 'ਤੇ ਇਕ ਝਾਤ




### ਬੀ.ਸੀ. ਦੀ ਐਕਸਪੋਰਟ ਦੀ 40 ਨਾਲੋਂ ਵੀ ਜ਼ਿਆਦਾ ਪ੍ਰਤੀਸ਼ਤ ਹੁਣ ਏਸ਼ੀਆ ਨੂੰ ਜਾਂਦੀ ਹੈ

ਬੀ.ਸੀ. ਦੀਆਂ ਚੀਜ਼ਾਂ ਦੇ ਅੰਤਰਰਾਸ਼ਟਰੀ ਐਕਸਪੋਰਟਾਂ ਦਾ ਸਲਾਨਾ ਹਿੱਸਾ




ਸ੍ਰੋਤ: ਬੀ ਸੀ ਸਟੈਟਸ

### ਆਰਥਿਕ ਸਥਿਰਤਾ ਡਿਵੀਡੈਂਡ – ਪਬਲਿਕ ਸੈਕਟਰ ਕੰਪਨਸੇਸ਼ਨ

ਸੂਬੇ ਦੀ ਅਸਲੀ ਜੀ ਡੀ ਪੀ ਦੇ ਵਾਧੇ ਬਾਰੇ ਇਕਨੌਮਿਕ ਫੋਰਕਾਸਟ ਕੌਂਸਲ ਦੀ ਭਵਿੱਖਬਾਣੀ ਬੱਜਟ 2014 ਵਿਚ ਨਵੀਂ ਮਹੱਤਤਾ ਹਾਸਲ ਕਰ ਗਈ ਹੈ। ਸਰਕਾਰ ਦੀ ਆਰਥਿਕ ਸਥਿਰਤਾ ਦਾ ਫਰਮਾਨ, ਆਰਥਿਕ ਸਥਿਰਤਾ ਦੇ ਡਿਵੀਡੈਂਡ ਰਾਹੀਂ ਮੁਲਾਜ਼ਮਾਂ ਨੂੰ ਬੀ.ਸੀ. ਦੇ ਆਰਥਿਕ ਵਾਧੇ ਤੋਂ ਫਾਇਦਾ ਲੈਣ ਦਾ ਮੌਕਾ ਦਿੰਦਾ ਹੈ। ਇਸ ਐਗਰੀਮੈਂਟ ਅਧੀਨ, ਮੁਲਾਜ਼ਮਾਂ ਦੀ ਤਨਖਾਹ ਵਿਚ ਵਾਧਾ ਹੋਵੇਗਾ ਜੋ ਕਿ ਫਰਵਰੀ ਦੇ ਬੱਜਟਾਂ ਵਿਚ ਛਪੀ ਇਕਨੌਮਿਕ ਫੋਰਕਾਸਟ ਕੌਂਸਲ ਦੀ ਭਵਿੱਖਬਾਣੀ ਤੋਂ ਉੱਪਰ ਦੀ ਅਸਲੀ ਜੀ ਡੀ ਪੀ ਦੇ ਵਾਧੇ ਵਿਚ ਕਿਸੇ ਵੀ ਪ੍ਰਤੀਸ਼ਤ ਪੌਆਇੰਟ ਵਾਧੇ ਦੇ ਅੱਧ ਦੇ ਬਰਾਬਰ ਹੋਵੇਗਾ।

### ਬੀ.ਸੀ. ਦੇ ਐਰੋਸਪੇਸ ਵਿਚ ਪੂੰਜੀ-ਨਿਵੇਸ਼

ਬੱਜਟ 2014, ਗਲੋਬਲ ਐਰੋਸਪੇਸ ਅਤੇ ਡਿਫੈਂਸ ਦੇ ਠੇਕੇਦਾਰਾਂ ਨੂੰ ਬੀ.ਸੀ. ਨੂੰ ਖਿੱਚਣ ਵਿਚ ਮਦਦ ਲਈ ਪੰਜ ਸਾਲਾਂ ਦੌਰਾਨ 5 ਮਿਲੀਅਨ ਡਾਲਰ ਲਾਉਣ ਦੀ ਪੁਸ਼ਟੀ ਕਰਦਾ ਹੈ।





## ਬ੍ਰਿਟਿਸ਼ ਕੋਲੰਬੀਆ ਦੀ ਟ੍ਰਿਪਲ-ਏ ਕਰੈਡਿਟ ਰੇਟਿੰਗ

ਸਮਝਦਾਰੀ ਵਾਲਾ ਵਿੱਤੀ ਪ੍ਰਬੰਧ ਬ੍ਰਿਟਿਸ਼ ਕੋਲੰਬੀਆ ਦੀ ਟ੍ਰਿਪਲ-ਏ ਕਰੈਡਿਟ ਰੇਟਿੰਗ ਵਿਚ ਮਦਦ ਕਰਦਾ ਹੈ – ਅਜਿਹਾ ਕਰੈਡਿਟ ਦਰਜਾ ਜਿਹੜਾ ਟੈਕਸ ਦੇਣ ਵਾਲਿਆਂ ਦੇ ਡਾਲਰਾਂ ਨੂੰ ਸਿੱਧੀਆਂ ਸੇਵਾਵਾਂ ’ਤੇ ਖਰਚਣ ਦੀ ਆਗਿਆ ਦਿੰਦਾ ਹੈ ਨਾ ਕਿ ਕਰਜ਼ਾ ਲਾਹੁਣ ਦੇ ਖਰਚਿਆਂ ’ਤੇ।

# AAA ਕਰੈਡਿਟ ਰੇਟਿੰਗ

*— ਮੌਜੂਦ ਸਭ ਤੋਂ ਉੱਚਾ ਮਿਆਰ*


**ਬੀ.ਸੀ. ਦੇ ਕਰਜ਼ੇ-ਅਤੇ ਜੀ ਡੀ ਪੀ ਦਾ ਘੱਟ ਅਨੁਪਾਤ ਏ ਏ ਏ ਰੇਟਿੰਗ ਵਿਚ ਮਦਦ ਕਰਦਾ ਹੈ**




## ਬੀ.ਸੀ. ਦੇ ਕਰਜ਼ੇ-ਅਤੇ ਜੀ ਡੀ ਪੀ ਦਾ ਅਨੁਪਾਤ ਏ ਏ ਏ ਰੇਟਿੰਗ ਵਿਚ ਮਦਦ ਕਰਦਾ ਹੈ

ਘਾਟੇ (ਡੈਫੇਸਿਟ) ਨੂੰ ਖਤਮ ਕਰਕੇ ਅਤੇ ਪੈਸੇ ਉਧਾਰ ਲੈਣ ਲਈ ਸਰਕਾਰ ਦੀ ਲੋੜ ਘਟਾ ਕੇ, ਬੈਲੇਂਸਡ ਬੱਜਟ 2014 ਇਹ ਭਵਿੱਖਬਾਣੀ ਕਰਦਾ ਹੈ ਕਿ ਬ੍ਰਿਟਿਸ਼ ਕੋਲੰਬੀਆ ਦੀ ਟੈਕਸ ਦੇਣ ਵਾਲਿਆਂ ਦੀ ਮਦਦ ਨਾਲ ਬੀ.ਸੀ. ਦੇ ਕਰਜ਼ੇ-ਅਤੇ ਜੀ ਡੀ ਪੀ ਦੀ ਅਨੁਪਾਤ 2013-14 ਵਿਚ 18.5 ਪ੍ਰਤੀਸ਼ਤ ਦੀ ਦਰ ’ਤੇ ਚੋਟੀ ’ਤੇ ਹੋਵੇਗਾ ਅਤੇ ਸਾਲ 2016-17 ਵਿਚ ਘਟ ਕੇ 17.8 ਪ੍ਰਤੀਸ਼ਤ ਹੋ ਜਾਵੇਗਾ। ਟੈਕਸ ਦੇਣ ਵਾਲਿਆਂ ਦੀ ਮਦਦ ਨਾਲ ਕਰਜ਼ੇ-ਅਤੇ ਜੀ ਡੀ ਪੀ ਦਾ ਅਨੁਪਾਤ, ਵਾਰਾ ਖਾਣ ਯੋਗਤਾ ਦਾ ਇਕ ਮੁੱਖ ਪੈਮਾਨਾ ਹੈ ਅਤੇ ਇਸ ਅਨੁਪਾਤ ਨੂੰ ਅਸਰਦਾਰ ਤਰੀਕੇ ਨਾਲ ਕਾਬੂ ਵਿਚ ਰੱਖਣਾ ਬੀ.ਸੀ. ਦੀ ਟ੍ਰਿਪਲ-ਏ-ਕਰੈਡਿਟ ਰੇਟਿੰਗ ਨੂੰ ਕਾਇਮ ਰੱਖਣ ਵਿਚ ਮਦਦ ਕਰਦਾ ਹੈ।

**ਸਰਪਲੱਸ ਬੱਜਟਾਂ ਦੇ ਤਿੰਨ ਸਾਲ**



## ਬੀ.ਸੀ. ਦੇ ਐੱਲ ਐੱਨ ਜੀ ਭਵਿੱਖ ਵਿਚ ਪੈਸੇ ਲਾਉਣਾ

ਬੱਜਟ 2014 ਨਾਲ, ਸੂਬਾ ਵਾਤਾਵਰਣ ਅਤੇ ਆਰਥਿਕ ਵਿਕਾਸ ਦੇ ਉੱਦਮਾਂ ਲਈ 65 ਮਿਲੀਅਨ ਡਾਲਰ ਲਗਾ ਰਿਹਾ ਹੈ, ਜਿਸ ਵਿਚ ਐੱਲ ਐੱਨ ਜੀ ਡਿਵੈਲਪਮੈਂਟ ਵੀ ਸ਼ਾਮਲ ਹੈ।

» ਤਿੰਨ ਸਾਲਾਂ ਦੌਰਾਨ 29 ਮਿਲੀਅਨ ਡਾਲਰ ਦੇ ਫੰਡ ਬੀ.ਸੀ. ਵਿਚ ਐੱਲ ਐੱਨ ਜੀ ਇੰਡਸਟਰੀ ਦੀ ਮਦਦ ਕਰਨਗੇ, ਜਿਸ ਵਿਚ ਸ਼ਾਮਲ ਹੈ, ਬੀ.ਸੀ. ਵਿਚ ਪੂੰਜੀ-ਨਿਵੇਸ਼ਾਂ ਨੂੰ ਆਕਰਸ਼ਤ ਕਰਨਾ ਅਤੇ ਪੂੰਜੀ-ਨਿਵੇਸ਼ ਦੇ ਫੈਸਲਿਆਂ ਲਈ ਸਥਿਰ ਮਾਹੌਲ ਦੀ ਮਦਦ ਕਰਨਾ; ਕਾਨੂੰਨੀ ਅਤੇ ਪਰਮਿਟਾਂ ਦੀਆਂ ਸ਼ਰਤਾਂ ਲਈ ਸਮੇਂ ਸਿਰ ਕਾਰਵਾਈ ਕਰਨਾ; ਅਤੇ ਵਾਤਾਵਰਣ, ਮੈਨੇਜਮੈਂਟ ਅਤੇ ਪ੍ਰਬੰਧਕੀ ਨਿਗਰਾਨੀ ਦੀ ਜਾਰੀ ਰਹਿਣ ਵਾਲੀ ਸੁਰੱਖਿਆ ਯਕੀਨੀ ਬਣਾਉਣਾ।

» ਅਗਲੇ ਤਿੰਨ ਸਾਲਾਂ ਦੌਰਾਨ 9 ਮਿਲੀਅਨ ਡਾਲਰ ਦੇ ਫੰਡ, ਤਜਵੀਜ਼ਸ਼ੁਦਾ ਐੱਲ ਐੱਨ ਜੀ ਸਥਾਨਾਂ ਅਤੇ ਪਾਈਪਲਾਈਨਾਂ, ਅਤੇ ਮਾਈਨਿੰਗ ਅਤੇ ਹੋਰ ਵੱਡੇ ਪ੍ਰੋਜੈਕਟਾਂ ਦੇ ਵਸੀਲਿਆਂ ਦੇ ਵਿਕਾਸ ਦੇ ਅਸਰਾਂ ਦੇ ਵਾਤਾਵਰਣ ’ਤੇ ਪੈਣ ਵਾਲੇ ਅਸਰਾਂ ਦੀਆਂ ਅਸੈੱਸਮੈਂਟਾਂ ਵਿਚ ਮਦਦ ਕਰਨਗੇ।



## ਹੁਨਰਾਂ ਦੀ ਟਰੇਨਿੰਗ ਦੇ ਮੌਕੇ ਵਧਾਉਣਾ

» ਕੈਮਲੂਪਸ ਵਿਚ ਨਵਾਂ ਨੌਰਕੈਮ ਟਰੇਡਜ਼ ਸੈਂਟਰ ਔਫ ਐਕਸੀਲੈਂਸ ਜੋ ਕਿ ਇਸ ਪਤਝੜ ਰੁੱਤੇ ਮੁਕੰਮਲ ਹੋਣਾ ਹੈ – ਖਾਣਾਂ ਦੀ ਖੁਦਾਈ, ਇੰਸਡਟਰੀਅਲ ਹੁਨਰਾਂ ਅਤੇ ਕਨਸਟਰੱਕਸ਼ਨ ਟਰੇਡਾਂ ਦੀ ਟਰੇਨਿੰਗਾਂ ਵਰਗੇ ਖੇਤਰਾਂ ਵਿਚ ਸੈਕੰਡਰੀ ਵਿਦਿਆਰਥੀਆਂ ਲਈ ਕੋਰਸ ਪ੍ਰਦਾਨ ਕਰੇਗਾ।

» ਨਵਾਂ ਐਲਬਰਨੀ ਡਿਸਟਰਿਕਟ ਸੈਕੰਡਰੀ ਜੋ ਕਿ ਸਾਲ 2012 ਵਿਚ ਖੁੱਲ੍ਹਿਆ ਸੀ, ਹੈਵੀ-ਡਿਊਟੀ ਮਕੈਨਿਕਸ ਅਤੇ ਮੈਟਲ ਫੈਬਰੀਕੇਸ਼ਨ ਤੋਂ ਲੈ ਕੇ ਖਾਣੇ ਬਣਾਉਣ ਦੀ ਕਲਾ ਅਤੇ ਹੇਅਰਡਰੈਸਿੰਗ ਤੱਕ ਦੀ ਟਰੇਨਿੰਗ ਦੇ ਰਿਹਾ ਹੈ।

» ਵਿਕਟੋਰੀਆ ਵਿਚ ਕਾਮੋਸਨ ਕਾਲਜ ਵਿਖੇ ਟਰੇਡਾਂ ਦੀ ਟਰੇਨਿੰਗ ਦੀਆਂ ਨਵੀਂਆਂ ਸਹੂਲਤਾਂ, ਸਾਲ 2016 ਤੱਕ, ਮਾਰੀਨ, ਮੈਟਲ ਅਤੇ ਮਕੈਨੀਕਲ ਟਰੇਡਾਂ ਵਿਚ ਹੋਰ 370 ਵਿਦਿਆਰਥੀਆਂ ਦੀ ਮਦਦ ਕਰਨਗੀਆਂ।

» ਕਲੋਨਾ ਵਿਚਲੇ ਓਕਨਆਗਨ ਕਾਲਜ ਵਿਖੇ ਨਵੀਂਆਂ ਸਹੂਲਤਾਂ, ਜੋ ਕਿ ਸਾਲ 2016 ਤੱਕ ਮੌਜੂਦ ਟਰੇਡਜ਼ ਟਰੇਨਿੰਗ ਕੰਪਲੈਕਸ ਦੇ ਸਾਈਜ਼ ਨੂੰ ਦੁੱਗਣੇ ਨਾਲੋਂ ਜ਼ਿਆਦਾ ਬਣਾ ਦੇਣਗੀਆਂ।

» ਵੈਨਕੂਵਰ ਵਿਚ ਗਰੇਟ ਨੌਰਦਰਨ ਵੇਅ ਵਿਖੇ ਐਮਲੀ ਕਾਰ ਯੂਨੀਵਰਸਿਟੀ ਲਈ ਇਕ ਨਵਾਂ ਕੈਂਪਸ, ਜਿਸ ਵਿਚ ਇਕ ਬਹੁਤ ਹੀ ਵਧੀਆ ਵਿਜ਼ੂਅਲ, ਮੀਡੀਆ ਅਤੇ ਡਿਜ਼ਾਇਨ ਆਰਟ ਸਥਾਨ ਹੋਵੇਗਾ, ਅਤੇ ਇਸ ਦੀ ਸਮਰੱਥਾ 1800 ਵਿਦਿਆਰਥੀਆਂ ਲਈ ਹੋਵੇਗੀ।

### ਤਜਵੀਜ਼ਸ਼ੁਦਾ ਨਵਾਂ ਐੱਲ ਐੱਨ ਜੀ ਇਨਕਮ ਟੈਕਸ

ਐੱਲ ਐੱਨ ਜੀ ਸਥਾਨਾਂ ’ਤੇ ਐੱਲ ਐੱਨ ਜੀ ਦੇ ਤਰਲੀਕਰਨ ’ਤੇ ਤਜਵੀਜ਼ਸ਼ੁਦਾ ਨਵਾਂ ਇਨਕਮ ਟੈਕਸ ਇਹ ਪੱਕਾ ਕਰਨ ਵਿਚ ਮਦਦ ਕਰੇਗਾ ਕਿ ਬੀ.ਸੀ. ਪੂੰਜੀ-ਨਿਵੇਸ਼ ਖਿੱਚਣ ਵਿਚ ਮੁਕਾਬਲਾਕਾਰੀ ਹੈ ਅਤੇ ਇਹ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਲਈ ਆਮਦਨ ਦਾ ਵਾਜਬ ਹਿੱਸਾ ਕਮਾਉਂਦਾ ਹੈ।

ਟੈਕਸ ਰੇਟਾਂ ਅਤ ਟੈਕਸ ਢਾਂਚੇ ਦਾ ਰਿਵੀਊ ਪਤਝੜ 2014 ਵਿਚ ਕਾਨੂੰਨ ਦੇ ਤਿਆਰ ਹੋਣ ਤੱਕ ਜਾਰੀ ਰਹੇਗਾ। ਟੈਕਸ ਦੇ ਮੁੱਖ ਹਿੱਸਿਆਂ ਨੂੰ ਅੰਤਿਮ ਰੂਪ ਦੇਣ ਲਈ ਗਲੋਬਲ ਆਰਥਿਕ ਹਾਲਤਾਂ ਅਤੇ ਨੈਚਰਲ ਗੈਸ ਦੀ ਸਪਲਾਈ ’ਤੇ ਵਿਚਾਰ ਕੀਤਾ ਜਾਵੇਗਾ ਤਾਂ ਜੋ ਬੀ.ਸੀ. ਮੁਕਾਬਲਾਕਾਰੀ ਰਹੇ।

### ਐੱਲ ਐੱਨ ਜੀ ਦੇ ਟੈਕਸਾਂ ਦੇ ਢਾਂਚੇ ਦੇ ਸਿਧਾਂਤ


1. ਵਾਜਬ ਮੁਨਾਫਾ
2. ਮੁਕਾਬਲਾ
3. ਭਵਿੱਖ ਬਾਣੀ ਕਰਨ ਯੋਗ
4. ਇਕਸਾਰ





## ਬ੍ਰਿਟਿਸ਼ ਕੋਲੰਬੀਅਨਾਂ ਲਈ ਘੱਟ ਟੈਕਸ


ਇਨਕਮ ਟੈਕਸ, ਖਪਤਕਾਰੀ ਟੈਕਸ, ਐੱਮ ਐੱਸ ਪੀ ਪ੍ਰੀਮੀਅਮ ਅਤੇ ਪੇਅਰੋਲ ਟੈਕਸ ਸਮੇਤ ਸਾਰੇ ਟੈਕਸਾਂ ਨੂੰ ਧਿਆਨ ਵਿੱਚ ਰੱਖਦਿਆਂ ਬ੍ਰਿਟਿਸ਼ ਕੋਲੰਬੀਅਨਾਂ ’ਤੇ ਕੈਨੇਡਾ ਵਿਚ ਆਮ ਤੌਰ ’ਤੇ ਟੈਕਸਾਂ ਦਾ ਸਭ ਤੋਂ ਘੱਟ ਬੋਝ ਹੈ।


## 4 ਜਾਣਿਆਂ ਦਾ ਦੋ–ਆਮਦਨਾਂ ਵਾਲਾ ਪਰਿਵਾਰ $90,000 ਆਮਦਨ









## 4 ਜਾਣਿਆਂ ਦਾ ਦੋ–ਆਮਦਨਾਂ ਵਾਲਾ ਪਰਿਵਾਰ $60,000 ਆਮਦਨ









## ਇਕੱਲਾ ਵਿਅਕਤੀ $80,000 ਆਮਦਨ




## ਬਜ਼ੁਰਗ ਜੋੜਾ ਬਰਾਬਰ ਦੀ ਪੈਨਸ਼ਨ $30,000 ਆਮਦਨ




## ਹੋਰ ਜਾਣਕਾਰੀ ਲਈ

ਬੱਜਟ 2014 ਬਾਰੇ ਵਿਸਥਾਰ:
www.bcbudget.ca

ਵਿੱਤ ਮਹਿਕਮਾ:
www.gov.bc.ca/fin

ਇਹ ਲਿਖਤ ਵਾਤਾਵਰਣ ਲਈ ਦੋਸਤਾਨਾ, ਐਲੀਮੈਂਟਲ ਕਲੋਰੀਨ ਮੁਕਤ ਪੇਪਰ ’ਤੇ ਛਪੀ ਸੀ ਜੋ ਕਿ ਨਵਿਆਉਣਯੋਗ ਐਨਰਜੀ ਦੇ ਵਸੀਲਿਆਂ ਤੋਂ ਬਣਿਆ ਹੈ ਅਤੇ ਇਸ ਵਿਚ ਵਰਤਿਆ ਹੋਇਆ ਰੀਸਾਇਕਲਡ ਫਾਈਬਰ ਹੈ। ਇਸ ਲਿਖਤ ਦੀ ਉਸਾਰੀ ਵਿਚ ਵਾਤਾਵਰਣ ਦੀ ਸੰਭਾਲ ਦੇ ਬਿਹਤਰ ਅਮਲ ਸ਼ਾਮਲ ਹਨ। ਕਿਰਪਾ ਕਰਕੇ ਗਾਰਬੇਜ ਘਟਾਉ, ਦੁਬਾਰਾ ਵਰਤੋ ਅਤੇ ਰੀਸਾਇਕਲ ਕਰੋ।